# 5 ਜਾਣਕਾਰੀ, ਜੋ ਤੁਹਾਨੂੰ ਹੋਣੀ ਚਾਹੀਦੀ ਹੈ
# ਮੂਲ ਰਾਸ਼ਟਰ ਦੇ ਅਧਾਰ 'ਤੇ ਪੱਖਪਾਤ

1 **ਨਿਊ ਜਰਸੀ ਦੇ ਪੱਖਪਾਤ ਵਿਰੋਧੀ ਕਾਨੂੰਨ (ਐਲਏਡੀ) ਅਧੀਨ ਰਾਸ਼ਟਰ ਦੇ ਅਧਾਰ 'ਤੇ ਪੱਖਪਾਤ ਅਤੇ ਉਤਪੀੜਨ ਦੀ ਮਨਾਹੀ ਹੈ।** ਕਾਰਜ-ਸਥਾਨ, ਹਾਊਸਿੰਗ ਅਤੇ ਜਨਤਕ ਥਾਵਾਂ 'ਤੇ ਅਜਿਹਾ ਉਤਪੀੜਨ ਗੈਰ-ਕਾਨੂੰਨੀ ਹੈ, ਫਿਰ ਭਾਵੇਂ ਤੁਸੀਂ ਰਿਫ਼ਿਊਜੀ ਜਾਂ ਅਪ੍ਰਵਾਸੀ (ਮਾਈਗ੍ਰੈਂਟ) ਹੋ ਜਾਂ ਅਮਰੀਕਾ ਦੇ ਨਾਗਰਿਕ ਨਹੀਂ ਵੀ ਹੋ। ਇਸ ਵਿੱਚ ਸ਼ਾਮਲ ਹੈ ਨਸਲ, ਮੂਲ ਰਾਸ਼ਟਰ, ਸੱਭਿਆਚਾਰ ਜਾਂ ਭਾਸ਼ਾ ਦੇ ਅਧਾਰ 'ਤੇ ਪੱਖਪਾਤੀ ਵਿਹਾਰ। ਭਾਵੇਂ ਪੱਖਪਾਤ ਕਰਨ ਵਾਲੇ ਨੂੰ ਪੀੜਿਤ ਵਿਅਕਤੀ ਦੇ ਮੂਲ ਰਾਸ਼ਟਰ ਬਾਰੇ ਗ਼ਲਤੀ ਹੀ ਕਿਉਂ ਨਾ ਲੱਗੀ ਹੋਵੇ, ਫਿਰ ਵੀ ਅਜਿਹਾ ਪੱਖਪਾਤੀ ਵਿਹਾਰ ਗ਼ਲਤ ਹੈ।

2 **ਰਾਸ਼ਟਰ ਅਧਾਰਿਤ ਭੇਦਭਾਵ ਜਾਂ ਉਤਪੀੜਨ ਤੁਹਾਨੂੰ ਕਾਰਜ-ਸਥਾਨ 'ਤੇ ਸਫ਼ਲਤਾ ਪ੍ਰਾਪਤ ਕਰਨ ਤੋਂ ਰੋਕ ਨਹੀਂ ਸਕਦਾ।** ਰੋਜ਼ਗਾਰਦਾਤਾ ਨੌਕਰੀ ਸਬੰਧੀ ਫ਼ੈਸਲੇ (ਜਿਵੇਂ ਨੌਕਰੀ 'ਤੇ ਰੱਖਣਾ, ਕੱਢਣਾ ਅਤੇ ਤਨਖ਼ਾਹ) ਤੁਹਾਡੇ ਮੂਲ ਰਾਸ਼ਟਰ ਦੇ ਅਧਾਰ 'ਤੇ ਨਹੀਂ ਲੈ ਸਕਦੇ ਅਤੇ ਰਾਸ਼ਟਰ ਅਧਾਰਿਤ ਉਤਪੀੜਨ ਨੂੰ ਰੋਕਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਉਦਾਹਰਨ ਵਜੋਂ, ਮੈਕਸੀਕੋ ਤੋਂ ਹੋਣ ਕਾਰਨ ਤੁਹਾਡਾ ਰੁਜ਼ਗਾਰਦਾਤਾ ਨਾ ਤਾਂ ਤੁਹਾਨੂੰ ਨੌਕਰੀ ਤੋਂ ਕੱਢ ਸਕਦਾ ਹੈ ਅਤੇ ਨਾ ਹੀ ਤੁਹਾਡਾ ਉਤਪੀੜਨ ਰੋਕਣ ਤੋਂ ਹੱਥ ਖੜੇ ਕਰ ਸਕਦਾ ਹੈ, ਇਸ ਵਿੱਚ ਸ਼ਾਮਲ ਹੈ, ਤੁਹਾਡੇ ਸਾਥੀ ਕਰਮਚਾਰੀਆਂ ਵੱਲੋਂ ਵਰਤੇ ਜਾਂਦੇ ਨਸਲੀ ਸ਼ਬਦ ਜਿਸ ਬਾਰੇ ਤੁਹਾਡੇ ਰੁਜ਼ਗਾਰਦਾਤਾ ਨੂੰ ਪਤਾ ਹੈ ਜਾਂ ਪਤਾ ਹੋਣਾ ਚਾਹੀਦਾ ਹੈ।

3 **ਰਾਸ਼ਟਰ ਅਧਾਰਿਤ ਪੱਖਪਾਤ ਤੁਹਾਨੂੰ ਘਰ ਖ਼ਰੀਦਣ ਜਾਂ ਕਿਰਾਏ 'ਤੇ ਲੈਣ ਤੋਂ ਨਹੀਂ ਰੋਕ ਸਕਦਾ।** ਘਰ ਦੇਣ ਵਾਲੇ ਲੋਕ, ਜਿਨ੍ਹਾਂ ਵਿੱਚ, ਮਕਾਨ-ਮਾਲਕ, ਪ੍ਰਾਪਰਟੀ ਮੈਨੇਜਰ ਅਤੇ ਰੀਅਲ-ਐਸਟੇਟ ਏਜੰਟ ਸ਼ਾਮਲ ਹਨ, ਨਾ ਤਾਂ ਤੁਹਾਡੇ ਮੂਲ ਰਾਸ਼ਟਰ ਕਾਰਨ ਤੁਹਾਡੇ ਨਾਲ ਵੱਖਰਾ ਵਿਹਾਰ ਕਰ ਸਕਦੇ ਹਨ ਅਤੇ ਨਾ ਹੀ ਤੁਹਾਨੂੰ ਘਰ ਕਿਰਾਏ 'ਤੇ ਦੇਣ ਜਾਂ ਵੇਚਣ ਤੋਂ ਮਨ੍ਹਾ ਕਰ ਸਕਦੇ ਹਨ। ਘਰ ਪ੍ਰਦਾਤਾਵਾਂ ਲਈ ਇ ਜ਼ਰੂਰੀ ਹੈ ਕਿ ਜੇ ਹੋਰ ਕਿਰਾਏਦਾਰ ਤੁਹਾਡਾ ਰਾਸ਼ਟਰ ਅਧਾਰਿਤ ਉਤਪੀੜਨ ਕਰਦੇ ਹਨ ਤਾਂ ਉਹ ਇਸ ਦਾ ਹੱਲ ਕਰਨ, ਜੇ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਹੈ ਜਾਂ ਹੋਵੇ।

4 **ਜਨਤਕ ਥਾਵਾਂ 'ਤੇ ਮੂਲ ਰਾਸ਼ਟਰ ਦੇ ਅਧਾਰ 'ਤੇ ਕੀਤਾ ਜਾਣ ਵਾਲਾ ਪੱਖਪਾਤ ਜਾਂ ਉਤਪੀੜਨ ਗੈਰ-ਕਾਨੂੰਨੀ ਹੈ।** ਜਨਤਾ ਨੂੰ ਸੇਵਾ ਪ੍ਰਦਾਨ ਕਰਨ ਵਾਲੀਆਂ ਥਾਵਾਂ (ਜਿਵੇਂ ਕਿ ਸ਼ਾਪਿੰਗ ਸੈਂਟਰ, ਰੇਸਤਰਾਂ, ਸਟੋਰ, ਸਰਕਾਰੀ ਏਜੰਸੀਆਂ ਅਤੇ ਸਿਹਤ ਸੇਵਾ ਪ੍ਰਦਾਤਾ) ਜਾਣ-ਬੁੱਝ ਕੇ ਜਾਂ ਭੁਲੇਖੇ ਵਿੱਚ ਤੁਹਾਡੇ ਮੂਲ ਰਾਸ਼ਟਰ ਦੇ ਅਧਾਰ 'ਤੇ ਤੁਹਾਡੇ ਨਾਲ ਭੇਦਭਾਵ ਨਹੀਂ ਕਰ ਸਕਦੀਆਂ। ਉਦਾਹਰਨ ਵਜੋਂ, ਤੁਹਾਡੀ ਦਿੱਖ ਜਾਂ ਬੋਲੀ ਅਧਾਰ 'ਤੇ ਕਿਸੇ ਰੇਸਤਰਾਂ ਵਿੱਚ ਤੁਹਾਨੂੰ ਇਸ ਕਾਰਨ ਨੁੱਕਰੇ ਨਹੀਂ ਬਿਠਾਇਆ ਜਾ ਸਕਦਾ ਕਿਉਂਕਿ ਰੇਸਤਰਾਂ ਆਪਣੀ ਇੱਕ ਖ਼ਾਸ "ਪਛਾਣ" ਦਰਸਾਉਣਾ ਚਾਹੁੰਦਾ ਹੈ।

5 **ਤੁਹਾਡੀ ਇਮੀਗ੍ਰੇਸ਼ਨ ਸਥਿਤੀ ਜੋ ਮਰਜ਼ੀ ਹੋਵੇ, ਐਲਏਡੀ ਰਾਸ਼ਟਰ ਅਧਾਰਿਤ ਪੱਖਪਾਤ ਅਤੇ ਉਤਪੀੜਨ ਤੋਂ ਤੁਹਾਡੀ ਰੱਖਿਆ ਕਰਦਾ ਹੈ।** ਤੁਹਾਡੇ ਮੂਲ ਰਾਸ਼ਟਰ ਜਾਂ ਕਿਸੇ ਨਸਲੀ ਸਮੂਹ ਜੁੜੇ ਹੋਣ ਕਾਰਨ ਨਾ ਤਾਂ ਤੁਹਾਡੇ ਨਾਲ ਪੱਖਪਾਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਤੁਹਾਡਾ ਉਤਪੀੜਨ ਕੀਤਾ ਜਾ ਸਕਦਾ ਹੈ, ਭਾਵੇਂ ਤੁਸੀਂ ਰਿਫ਼ਿਊਜੀ, ਮਾਈਗ੍ਰੈਂਟ ਜਾਂ ਗੈਰ-ਅਮਰੀਕੀ ਨਾਗਰਿਕ ਹੀ ਕਿਉਂ ਨਾ ਹੋਵੋ। ਉਦਾਹਰਨ ਵਜੋਂ, ਕੋਈ ਵੀ ਹਸਪਤਾਲ ਤੁਹਾਨੂੰ ਮੈਡੀਕਲ ਸਹਾਇਤਾ ਦੇਣ ਤੋਂ ਇਸ ਲਈ ਮਨ੍ਹਾ ਨਹੀਂ ਕਰ ਸਕਦਾ ਕਿਉਂਕਿ ਤੁਸੀਂ ਕਿਸੇ ਹੋਰ ਦੇਸ਼ ਵਿੱਚ ਪੈਦਾ ਹੋਏ ਜਾਂ ਉਸ ਨੂੰ ਲੱਗਦਾ ਹੈ ਕਿ ਤੁਸੀਂ ਯੂਨਾਈਟਿਡ ਸਟੇਟ੍ਸ ਵਿੱਚ ਹਾਲ ਹੀ ਵਿੱਚ ਇੱਕ ਮਾਈਗ੍ਰੈਂਟ ਵਜੋਂ ਆਏ ਹੋ।

ਜੇ ਤੁਸੀਂ ਐਲਏਡੀ ਦੀ ਉਲੰਘਣਾ ਦੀ ਸ਼ਿਕਾਇਤ ਕੀਤੀ ਹੈ, ਭੇਦਭਾਵ ਦੀ ਸ਼ਿਕਾਇਤ ਕੀਤੀ ਹੈ ਜਾਂ ਐਲਏਡੀ ਅਧੀਨ ਆਪਣੇ ਕਿਸੇ ਹੱਕ ਦੀ ਵਰਤੋਂ ਕੀਤੀ ਹੈ, ਤਾਂ ਅਜਿਹਾ ਕਰਨ ਲਈ ਕੋਈ ਵੀ ਵਿਅਕਤੀ ਤੁਹਾਡੇ ਤੋਂ ਬਦਲਾ ਨਹੀਂ ਲੈ ਸਕਦਾ।

ਹੋਰ ਜਾਣਕਾਰੀ ਲਈ, ਜਾਂ ਸ਼ਿਕਾਇਤ ਦਰਜ ਕਰਵਾਉਣ ਲਈ, NJCivilRights.gov 'ਤੇ ਜਾਓ ਜਾਂ 1-833-NJDCR4U (1-833-653-2748) 'ਤੇ ਕਾਲ ਕਰੋ। ਡੀਸੀਆਰ ਐਲਏਡੀ ਨੂੰ ਲਾਗੂ ਕਰਦਾ ਹੈ, ਜੋ ਨਿਊ ਜਰਸੀ ਵਿਚਲੇ ਸਾਰੇ ਲੋਕਾਂ ਨੂੰ ਭੇਦਭਾਵ ਤੋਂ ਬਚਾਉਂਦਾ ਹੈ, ਭਾਵੇਂ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਜੋ ਮਰਜ਼ੀ ਹੋਵੇ। ਹੋਰ ਜਾਣਕਾਰੀ ਲਈ, ਇੱਥੇ ਕਲਿੱਕ ਕਰੋ।

ਹੋਰ ਜਾਣਕਾਰੀ ਲਈ, ਜਾਂ ਸ਼ਿਕਾਇਤ ਦਰਜ ਕਰਵਾਉਣ ਲਈ, NJCivilRights.gov 'ਤੇ ਜਾਓ ਜਾਂ 1.833.NJDCR4U 'ਤੇ ਕਾਲ ਕਰੋ।